ਅਸਲ-ਅਸ-ਸੁੰਨ੍ਹਾ
ਇਮਾਮ ਅਬੂ ਮੁਹੰਮਦ ਅਬਦੁਰ ਰਹਿਮਾਨ ਬਿਨ ਅਬੀ ਹਾਤਿਮ ਅਰ-ਰਾਜੀ (ਰਹਿਮਤੁੱਲਾ)
ਦੀ ਕਿਤਾਬ
ਅਸਲ ਅਸ ਸੁੰਨਾ ਵ ਐਤਿਕਾਦ ਉਦ-ਦੀਨ
ਦਾ ਪੰਜਾਬੀ ਤਰਜਮਾ।

ਇਸ PDF ਤੋਂ ਵੱਧ ਤੋਂ ਵੱਧ ਫ਼ਾਇਦਾ ਲੈਣ ਲਈ ਹੇਠਾਂ ਦਿੱਤਿਆਂ ਗੱਲਾਂ ਦਾ ਧਿਆਨ ਰੱਖੋ।

1. ਇਸ ਰਿਸਾਲੇ ਵਿੱਚ 40+ ਨੁਕਤੇ ਹਨ
ਹਰ ਨੁਕਤੇ ਨੂੰ ਇੱਕ ਹਾਇਪਰ ਲਿੰਕ ਬਣਾਇਆ ਗਿਆ ਹੈ । ਜਿਸ ਵਿੱਚ ਉਸ ਨੁਕਤੇ ਦੇ ਮੁਤੱਲਿਕ ਹੋਰ ਜਾਣਕਾਰੀ ਹਾਸਿਲ ਕਰਨ ਲਈ ਵੀਡੀਓ ਜੋੜੀ ਗਈ ਹੈ।

2. ਇਸ ਲਈ ਹਰ ਨੁਕਤਾ ਜੋ ਨੀਲੇ ਰੰਗ ਵਿੱਚ ਹੈ ਉਸ ਉੱਪਰ ਕਲਿੱਕ ਕਰਨ ਤੇ ਉਸ ਬਾਰੇ YouTube ਵੀਡੀਓ ਖੁੱਲ ਜਾਵੇਗੀ ।

3. ਇਸ PDF ਨੂੰ WPS ਐਪ ਵਿੱਚ ਬਣਾਇਆ ਗਿਆ ਹੈ ਇਸ ਲਈ ਇਸ ਰਿਸਾਲੇ PDF ਦਾ ਪੂਰਾ ਫ਼ਾਇਦਾ ਉਠਾਉਣ ਲਈ ਇਸਨੂੰ WPS ਐਪ ਵਿੱਚ ਹੀ ਓਪਨ ਕਰੋ । ਕਲਿੱਕ ਕਰੋ WPS APP

4. ਕਿਓਂ ਕਿ ਕਈ ਵਾਰ ਇਹ ਹਾਇਪਰ ਲਿੰਕ Adobe Reader ਵਿੱਚ ਓਪਨ ਨਹੀਂ ਹੁੰਦੇ।

Table of Contents

ਤਿੰਨ ਸਵਾਲ ਅਤੇ ਉਹਨਾਂ ਦੇ ਜਵਾਬ

ਅਸਲ-ਅਸ-ਸੁੰਨ੍ਹਾ

ਇਮਾਮ ਅਬੂ ਮੁਹੰਮਦ ਅਬਦੁਰ ਰਹਿਮਾਨ ਬਿਨ ਅਬੀ ਹਾਤਿਮ ਅਰ-ਰਾਜੀ (رحمة الله) ਦੀ ਕਿਤਾਬ
ਅਸਲ ਅਸ ਸੁੰਨਾ ਵ ਐਤਿਕਾਦ ਉਦ-ਦੀਨ

ਦਾ ਪੰਜਾਬੀ ਤਰਜਮਾ।

ਇਮਾਮ ਅਬੂ ਮੁਹੰਮਦ ਅਬਦੁਰ ਰਹਿਮਾਨ ਬਿਨ ਅਬੀ ਹਾਤਿਮ ਅਰ-ਰਾਜੀ رحمة الله ਨੇ ਕਿਹਾ ਕੇ

ਮੈਂ ਆਪਣੇ ਵਾਲਿਦ (ਅਬੂ ਹਾਤਿਮ ਰਾਜੀ رحمة الله) ਅਤੇ ਅਬੂ ਜ਼ੁੱਰਾਹ ਰਾਜੀ رحمة الله (ਵਾਲਿਦ ਦੇ ਦੋਸਤ) ਨੂੰ

Q1. ਉਸੂਲ ਏ ਦੀਨ ਵਿੱਚ ਅਹਲੇ ਸੁੰਨਤ ਦੇ ਮਜ਼ਹਬ ਬਾਰੇ ਪੁੱਛਿਆ ।

Q2. ਅਤੇ ਉਹਨਾਂ ਤੋਂ ਇਹ ਪੁੱਛਿਆ ਕੇ ਤਮਾਮ ਸ਼ਹਿਰਾਂ ਦੇ ਉਲ੍ਹਾਮਾ ਕਿਸ ਅਕੀਦੇ ਉੱਪਰ ਹਨ ।

Q3. ਅਤੇ ਉਹਨਾਂ ਦੋਵਾਂ ਦਾ ਕੀ ਅਕੀਦਾ ਹੈ ਇਸ ਬਾਰੇ ਪੁੱਛਿਆ।
ਤਾਂ ਉਹਨਾਂ ਨੇ ਜਵਾਬ ਦਿੱਤਾ।
ਕਿ ਅਸੀਂ
ਹਿਜਾਜ
ਇਰਾਕ
ਮਿਸਰ
ਸ਼ਾਮ
ਅਤੇ ਯਮਨ ਦੇ ਤਮਾਮ ਸ਼ਹਿਰਾਂ ਦੇ ਉਲ੍ਹਾਮਾ ਨੂੰ ਇਸ ਮਜਹਬ(ਹੇਠਾਂ ਲਿਖੇ) ਉੱਪਰ ਦੇਖਿਆ ।

ਈਮਾਨ ਕੌਲ ਅਤੇ ਅਮਲ ਦਾ ਨਾਮ

1) ਕਿ ਬੇਸ਼ਕ ਈਮਾਨ ਕੌਲ ਅਤੇ ਅਮਲ ਦਾ ਨਾਮ ਹੈ ,ਅਤੇ ਇਹ ਵੱਧਦਾ ਵੀ ਹੈ ਅਤੇ ਘੱਟਦਾ ਵੀ ਹੈ । ਵਿਆਖਿਆ ਲਈ ਇਸ ਨੁਕਤੇ ਨੂੰ ਕਲਿੱਕ ਕਰੋ

2) ਕੁਰਆਨ ਆਪਣੀ ਹਰ ਜੇਹਤ ਦੇ ਲਿਹਾਜ ਤੋਂ ਅੱਲਾਹ ਸੁਬਹਾਨਾ-ਵ-ਤਾਅਲਾ ਦਾ ਕਲਾਮ ਹੈ ਮਖ਼ਲੂਕ ਨਹੀਂ ।

3) ਚੰਗੀ ਅਤੇ ਬੁਰੀ ਤਕਦੀਰ ਸਭ ਅੱਲਾਹ ਸੁਬਹਾਨਾ-ਵ-ਤਾਅਲਾ ਦੀ ਤਰਫ਼ ਤੋਂ ਹੈ।

4) ਪਿਆਰੇ ਨਬੀ ਮੁਹੰਮਦ ﷺ ਤੋਂ ਬਾਅਦ ਇਸ ਉੱਮਤ ਵਿੱਚ ਸਭ ਤੋਂ ਬੇਹਤਰੀਨ ਵਿਅਕਤੀ ਅਬੂ ਬਕਰ ਸਿੱਦੀਕੀ رضي الله عنه ਹਨ ,ਫਿਰ ਉਮਰ ਬਿਨ ਖੱਤਾਬ رضي الله عنه ,ਫਿਰ ਉਸਮਾਨ ਬਿਨ ਅੱਫਾਨ رضي الله عنه ,ਫਿਰ ਅਲੀ ਬਿਨ ਅਬੀ ਤਾਲਿਬ رضي الله عنه ਅਤੇ ਇਹ ਖ਼ੁਲਾਫਾ ਏ ਰਾਸੀਦੀਨ ਵ ਮਹਦੀ-ਈਨ ਹਨ।

4) ਅਸ਼ਰਾ- ਮੁਬੱਸ਼ਰਾ رضي الله عنه ਜਿਹਨਾਂ ਦੇ ਬਾਰੇ ਨਬੀ ﷺ ਨੇ ਜੰਨਤੀ ਹੋਣ ਦੀ ਗਵਾਹੀ ਦਿੱਤੀ । ਸਾਡੇ ਨਜਦੀਕ ਵੀ ਉਹ ਜੰਨਤੀ ਹਨ ਅਤੇ ਮੁਹੰਮਦ ﷺ ਦੀ ਬਾਤ ਹੱਕ ਹੈ।

6) ਪਿਆਰੇ ਨਬੀ ਮੁਹੰਮਦ ﷺ ਦੇ ਸਾਰੇ ਸਹਾਬਾ رضي الله عنه ਦੇ ਬਾਰੇ ਰਹਿਮਤ ਦੀ ਦੁਆ ਕਰਨੀ ਚਾਹੀਦੀ ਹੈ ਅਤੇ ਉਹਨਾਂ ਦੇ ਵਿਚਕਾਰ ਹੋਏ ਆਪਸੀ ਇਖ਼ਤਾਲਾਫ ਦੇ ਬਾਰੇ ਸੁਕੂਤ (ਚੁੱਪੀ) ਇਖ਼ਤਿਆਰ ਕਰਨੀ ਚਾਹੀਦੀ ਹੈ।

7) ਅੱਲਾਹ ਸੁਬਹਾਨਾ-ਵ-ਤਾਅਲਾ ਆਪਣੇ ਅਰਸ਼ ਤੇ ਬਿਨਾ (ਸਵਾਲ) ਕੈਫ਼ੀਅਤ (ਮੁਸਤਵੀ) ਹੈ। ਆਪਣੀ ਮਖ਼ਲੂਕ ਤੋਂ (ਜਾਤ ਦੇ ਲਿਹਾਜ਼ ਤੋਂ) ਜੁਦਾ ਹੈ। ਜਿਵੇਂ ਕਿ ਅੱਲਾਹ ਸੁਬਹਾਨਾ-ਵ-ਤਾਅਲਾ ਨੇ ਆਪਣੀ ਕਿਤਾਬ (ਕੁਰਆਨ ਮਜੀਦ) ਅਤੇ ਨਬੀ ﷺ ਨੇ (ਹਦੀਸ) ਵਿੱਚ ਬਿਆਨ ਕੀਤਾ ਹੈ।

ਅੱਲਾਹ ਸੁਬਹਾਨਾ-ਵ-ਤਾਅਲਾ ਨੇ ਹਰ ਚੀਜ਼ ਨੂੰ ਆਪਣੇ ਇਲਮ ਦੇ ਘੇਰੇ ਵਿੱਚ ਲੇ ਰੱਖਿਆ ਹੈ। ਉਸ ਦੀ ਮਿਸਲ ਕੋਈ ਚੀਜ਼ ਨਹੀਂ । ਅਤੇ ਉਹ ਖ਼ੂਬ ਸੁਣਨ ਤੇ ਦੇਖਣ ਵਾਲਾ ਹੈ।

7) ਅੱਲਾਹ ਸੁਬਹਾਨਾ-ਵ-ਤਾਅਲਾ ਦਾ ਆਖ਼ਰਤ ਵਿੱਚ ਦੀਦਾਰ ਹੋਵੇਗਾ , ਜੰਨਤੀ ਲੋਕ ਆਪਣੀਆਂ ਅੱਖਾਂ ਨਾਲ ਉਸਦਾ ਦੀਦਾਰ ਕਰਨਗੇ । ਉਸੇ ਦਾ ਕਲਾਮ ਹੈ ਜਿਵੇਂ ਚਾਹੇ ਜਦ ਚਾਹੇ।

8) ਜੰਨਤ ਹੱਕ ਹੈ , ਜਹੰਨਮ ਹੱਕ ਹੈ ਅਤੇ ਇਹ ਦੋਵੇਂ ਮਖ਼ਲੂਕ ਹਨ ,ਕਦੇ ਫਨਾਂ ਨਾ ਹੋਣਗੀਆਂ । ਅੱਲਾਹ ਸੁਬਹਾਨਾ-ਵ-ਤਾਅਲਾ ਦੇ ਨੇਕ ਬੰਦਿਆਂ ਲਈ ਜੰਨਤ ਦਾ ਬਦਲਾ ਹੈ ,ਅਤੇ ਉਸਦੇ ਨਾ-ਫਾਰਮਾਂਨਾ ਲਈ ਜਹੰਨਮ ਦਾ ਅਜ਼ਾਬ ਹੈ ਸਿਵਾਏ ਉਹਨਾਂ ਦੇ ਜਿਹਨਾਂ ਉੱਪਰ ਅੱਲਾਹ ਤਾਅਲਾ ਨੇ ਰਹਿਮ ਕੀਤਾ ।

9) ਪੁਲ-ਸਿਰਾਤ ਹੱਕ ਹੈ।

10) ਮੀਜ਼ਾਨ (ਤਰਾਜੂ) ਦੇ ਦੋ ਪਲੜੇ ਹਨ ਜਿਹਨਾਂ ਵਿੱਚ ਬੰਦਿਆਂ ਦੇ ਚੰਗੇ ਅਤੇ ਬੁਰੇ ਅਮਲ ਤੋਲੇ ਜਾਣਗੇ।

11) ਨਬੀ ﷺ ਦਾ ਹੋਜੇ-ਕੌਸਰ ਹੱਕ ਹੈ

12) ,ਅਤੇ ਸਫ਼ਆਤ ਹੱਕ ਹੈ

13) ਅਹਲੇ-ਤੌਹੀਦ ਦੇ ਬਾਜ ਲੋਕਾਂ ਦਾ ਨਬੀ ﷺ ਦੀ ਸਫ਼ਆਤ ਦੇ ਜਰੀਏ (ਜਹੰਨਮ ਦੇ ਅਜਾਬ) ਅੱਗ ਤੋਂ ਨਿਜਾਤ ਪਾਉਣਾ ਹੱਕ ਹੈ ।

14) ਅਜਾਬ ਏ ਕਬਰ ਹੱਕ ਹੈ ।

15) ਮੁਨਕਰ ਨਕੀਰ (ਫਰਿਸ਼ਤੇ) ਹੱਕ ਹਨ।

16) ਕਿਰਾਮਨ ਕਾਤੀਬੀਨ (ਫਰਿਸ਼ਤੇ) ਹੱਕ ਹਨ।

17) ਮੌਤ ਤੋਂ ਬਾਅਦ ਦੁਬਾਰਾ ਜਿੰਦਾ ਹੋਣਾ ਹੱਕ ਹੈ ।

ਮੁਸਲਮਾਨ ਹੁਕਮਰਾਨਾਂ ਦੇ ਖ਼ਿਲਾਫ਼ ਬਗਾਵਤ

(18) (ਮੁਸਲਮਾਨਾਂ ਵਿੱਚੋਂ) ਕਬੀਰਾ ਗੁਨਾਹ ਕਰਨ ਵਾਲਿਆਂ ਦਾ ਮਾਮਲਾ ਅੱਲਾਹ ਸੁਬਹਾਨਾ-ਵ-ਤਾਅਲਾ ਦੀ ਮਸੀਅਤ (ਇਰਾਦੇ) ਉੱਪਰ ਹੈ (ਚਾਹੇ ਤਾ ਅਜ਼ਾਬ ਦੇਵੇ ਚਾਹੇ ਬਖਸ਼ ਦੇਵੇ) ,ਅਤੇ ਅਸੀਂ ਅਹਲੇ ਕਿਬਲਾ (ਮੁਸਲਮਾਨਾਂ) ਦੀ ਉਹਨਾਂ ਦੇ ਗੁਨਾਹਾਂ ਦੀ ਵਜ੍ਹਾ ਤੋਂ ਤਕਫੀਰ ਨਹੀਂ ਕਰਦੇ ਅਤੇ ਉਹਨਾਂ ਦਾ ਮਾਮਲਾ ਅੱਲਾਹ ਤਾਅਲਾ ਦੇ ਸਪੁਰਦ ਕਰਦੇ ਹਾਂ।

18) ਹਰ ਜਮਾਨੇ (ਅਤੇ ਇਲਾਕੇ) ਵਿੱਚ ਅਸੀਂ ਮੁਸਲਮਾਨ ਹੁਕਮਰਾਨਾਂ ਦੇ ਨਾਲ ਜੇਹਾਦ ਅਤੇ ਹੱਜ ਦੀ ਫ਼ਰਜ਼ੀਅਤ ਤੇ ਅਮਲ-ਪੈਰਾ ਹਾਂ।

19) ਅਸੀਂ ਮੁਸਲਮਾਨ ਹੁਕਮਰਾਨਾਂ ਦੇ ਖ਼ਿਲਾਫ਼ ਬਗਾਵਤ ਦੇ ਕਾਇਲ ਨਹੀਂ ਹਾਂ।ਅਤੇ ਨਾਂ ਹੀ ਫਿਤਨੇ ਦੇ ਦੌਰ ਵਿੱਚ ਇੱਕ ਦੂਜੇ ਦੇ ਕ਼ਤਲ ਦੇ ਕਾਇਲ ਹਾਂ।

20) ਅੱਲਾਹ ਸੁਬਹਾਨਾ-ਵ-ਤਾਅਲਾ ਨੇ ਜਿਸ ਨੂੰ ਸਾਡਾ ਹਾਕਮ ਬਣਾਇਆ ਅਸੀਂ ਉਸਦੀ ਸੁਣਦੇ ਹਾਂ ਅਤੇ ਇਤਾਅਤ ਕਰਦੇ ਹਾਂ ਅਤੇ ਇਤਾਅਤ ਤੋਂ ਆਪਣਾ ਹੱਥ ਪਿੱਛੇ ਨਹੀਂ ਖਿੱਚਦੇ।

21) ਅਸੀਂ ਅਹਲੇ ਸੁੰਨਤ ਵਲ ਜਮਾਤ ਦੀ ਪੈਰਵੀ ਕਰਦੇ ਹਾਂ ਅਤੇ ਸੁਜੂਜ਼ ,ਇਖ਼ਤਿਲਾਫ ਅਤੇ ਫਿਰਕੇ-ਬਾਜੀ ਤੋਂ ਇਜਤਿਨਾਬ ਕਰਦੇ ਹਾਂ।

22) ਜਦ ਤੋਂ ਅੱਲਾਹ ਸੁਬਹਾਨਾ-ਵ-ਤਾਅਲਾ ਨੇ (ਆਪਣੇ ਮਹਿਬੂਬ) ਮੁਹੰਮਦ ﷺ ਨੂੰ (ਨਬੀ ਵ ਰਸੂਲ) ਬਣਾਕੇ ਭੇਜਿਆ ਹੈ, ਮੁਸਲਮਾਨ ਹੁਕਮਰਾਨਾਂ ਦੇ ਨਾਲ ਮਿਲਕੇ ਜਿਹਾਦ ਜਾਰੀ ਰਹੇਗਾ ਇਹਨੂੰ ਕੋਈ ਚੀਜ਼ ਬਾਤਿਲ ਨਹੀਂ ਕਰੇਗੀ (ਯਾਨੀ ਜੇਹਾਦ ਹਮੇਸ਼ਾ ਜਾਰੀ ਰਹੇਗਾ)

23) ਅਤੇ ਇਹੀ ਮਾਮਲਾ ਹੱਜ ਦਾ ਹੈ।

ਗੁੰਮਰਾਹ ਫਿਰਕੇ

24) ਮੁਸਲਮਾਨ ਹੁਕਮਰਾਨਾਂ ਦੇ ਕੋਲ ਜਾਨਵਰ (ਅਤੇ ਹੋਰ ਅਮਵਾਲ) ਦੇ ਸਦਕਾਤ (ਜਕਾਤ,ਉਸ਼ਰ) ਜਮਾਂ ਕਰਵਾਇਆ ਜਾਵੇਗਾ।

26) ਲੋਕ ਆਪਣੇ ਅਹਕਾਮ ਅਤੇ ਵਿਰਾਸਤ ਵਿੱਚ ਮੋਮਿਨ ਹਨ ,ਅਤੇ ਅੱਲਾਹ ਸੁਬਹਾਨਾ-ਵ-ਤਾਅਲਾ ਦੇ ਨਜ਼ਦੀਕ ਉਹਨਾਂ ਦਾ ਕੀ ਮੁਕਾਮ ਹੈ ਅਸੀਂ ਨਹੀਂ ਜਾਣਦੇ ,ਅਤੇ
ਜਿਹੜਾ ਆਦਮੀ ਆਪਣੇ ਬਾਰੇ ਵਿੱਚ ਇਹ ਕਹਿੰਦਾ ਹੈ ਕੇ ਉਹ ਯਕੀਨਨ ਮੋਮਿਨ ਹੈ ,ਤਾਂ ਉਹ ਬਿਦ-ਆਤੀ ਹੈ। ਅਤੇ
ਜਿਹੜਾ ਆਦਮੀ ਆਪਣੇ ਬਾਰੇ ਵਿੱਚ ਇਹ ਦਾਅਵਾ ਕਰਦਾ ਹੈ ਕੇ ਉਹ ਅੱਲਾਹ ਸੁਬਹਾਨਾ-ਵ-ਤਾਅਲਾ ਦੇ ਨਜ਼ਦੀਕ ਵੀ ਮੋਮਿਨ ਹੈ ਤਾਂ ਉਹ ਝੂਠਿਆਂ ਵਿੱਚੋਂ ਹੈ।
ਅਤੇ ਜਿਹੜਾ ਆਦਮੀ ਇਹ ਕਹਿੰਦਾ ਹੈ ਕੇ ਮੈਂ ਅੱਲਾਹ ਸੁਬਹਾਨਾ-ਵ-ਤਾਅਲਾ ਦੇ ਨਾਲ ਮੋਮਿਨ ਹਾਂ (ਯਾਨੀ ਅੱਲਾਹ-ਤਾਅਲਾ ਉੱਪਰ ਈਮਾਨ ਰੱਖਦਾ ਹਾਂ) ਤਾਂ ਇਹ ਸਹੀ ਹੈ।

27) ਮੁਰਜੀਆ ਬਿਦ-ਆਤੀ ਅਤੇ ਗੁੰਮਰਾਹ (ਫਿਰਕਾ ਹੈ)

28) ਕ਼ਦਰੀਆ ਬਿਦ-ਆਤੀ ਅਤੇ ਗੁਮਰਾਹ (ਫਿਰਕਾ ਹੈ) ਅਤੇ ਉਹਨਾਂ ਵਿੱਚੋਂ ਜਿਹੜਾ ਵਿਅਕਤੀ ਇਹ ਕਹਿ ਕੇ ਕਿਸੇ ਕੰਮ ਦੇ ਹੋਣ ਤੋਂ ਪਹਿਲਾਂ ਅੱਲਾਹ ਸੁਬਹਾਨਾ-ਵ-ਤਾਅਲਾ ਨੂੰ ਉਸਦਾ ਇਲਮ ਨਹੀਂ ਹੁੰਦਾ ਤਾਂ ਉਹ ਕਾਫ਼ਿਰ ਹੈ।

29) ਜਹਮੀਆਂ (ਫਿਰਕਾ) ਕਾਫ਼ਿਰ ਹਨ।

30) ਰਾਫਜ਼ੀਆਂ ਨੇ ਇਸਲਾਮ ਛੱਡ ਦਿੱਤਾ ਹੈ।

31) ਖ਼ਵਾਰਿਜੀ ਦੀਨ ਤੋਂ ਨਿਕਲੇ ਹੋਏ ਹਨ।

32) ਜਿਹੜਾ ਵਿਅਕਤੀ ਇਹ ਕਹਿੰਦਾ ਹੈ ਕੇ ਕੁਰਆਨ ਮਖ਼ਲੂਕ ਹੈ ਤਾਂ ਉਹ ਕਾਫ਼ਿਰ ਹੈ।

ਮਿੱਲਤ ਏ ਇਸਲਾਮੀਆ ਵਿੱਚੋਂ ਖ਼ਾਰਿਜ ਹੈ।
ਅਤੇ ਜਿਹੜਾ ਵਿਅਕਤੀ ਸੁਝ-ਬੁਝ ਅਤੇ (ਇਤਮਾਮ ਏ ਹੁੱਜਤ) ਦੇ ਬਾਵਜੁਦ ਇਸ ਵਿਅਕਤੀ ਦੇ ਕੁਫ਼ਰ ਵਿੱਚ ਸੱਕ ਕਰਦਾ ਹੈ ਤਾਂ ਉਹ ਵੀ ਕਾਫ਼ਿਰ ਹੈ।

33) ਅਤੇ ਜਿਹੜਾ ਵਿਅਕਤੀ ਅੱਲਾਹ ਸੁਬਹਾਨਾ-ਵ-ਤਾਅਲਾ ਦੇ ਕਲਾਮ ਦੇ ਬਾਰੇ ਵਿੱਚ ਸੱਕ ਕਰਦੇ ਹੋਏ ਇਹ ਕਹਿ ਕੇ ਮੈਨੂੰ ਨੀ ਪਤਾ ਕੇ ਇਹ ਮਖ਼ਲੂਕ ਹੈ ਜਾਂ ਗੈਰ-ਮਖ਼ਲੂਕ ਤਾਂ ਉਹ ਜਹਮੀ ਹੈ

34) ਜੋ ਜਾਹਿਲ ਵਿਅਕਤੀ ਕੁਰਆਨ ਦੇ ਬਾਰੇ ਵਿੱਚ ਤਵੱਕੁਫ ਕਰੇ ਤਾਂ ਉਸਨੂੰ ਸਮਝਾਇਆ ਜਾਵੇਗਾ ,ਉਸਨੂੰ ਬਿਦ-ਆਤੀ ਸਮਝਿਆ ਜਾਵੇਗਾ ਅਤੇ ਉਸਦੀ ਤਕਫੀਰ ਨਹੀਂ ਕੀਤੀ ਜਾਵੇਗੀ।

35) ਜੋ ਵਿਅਕਤੀ ਲਫ਼ਜ਼ੀ ਬਿਲ ਕੁਰਆਨ (ਮੇਰੇ ਅਲਫਾਜ਼ ਜਿਹਨਾਂ ਨਾਲ ਮੈਂ ਕੁਰਆਨ ਪੜ੍ਹਦਾ ਹਾਂ) ਜਾਂ ਕੁਰਆਨ ਬਲਫਜ਼ੀ ਮਖ਼ਲੂਕ (ਕੁਰਆਨ ਮੇਰੇ ਅਲਫਾਜ਼ ਦੇ ਨਾਲ ਮਖ਼ਲੂਕ) ਕਹੇ ਤਾਂ ਉਹ ਜਹਮੀ ਹੈ।

ਅਬੂ ਹਾਤਿਮ ਅਰ-ਰਾਜੀ ਨੇ ਫ਼ਰਮਾਇਆ

36) ਕੇ ਅਹਲੇ ਬਿੱਦਤ ਦੀ ਇਹ ਨਿਸ਼ਾਨੀ ਹੈ ਕੇ ਉਹ ਅਹਲੇ ਅਥਰ (ਅਹਲੇ ਹਦੀਸ) ਤੇ ਹਮਲਾ ਕਰਦੇ ਹਨ।

37) ਜਿੰਦੀਕੀਆ ਦੀ ਨਿਸ਼ਾਨੀ ਇਹ ਹੈ ਕੇ ਉਹ ਅਹਲੇ ਹਦੀਸ ਨੂੰ ਹਸਵੀਆ (ਜਾਹਿਰ ਪ੍ਰਸਤ) ਕਹਿੰਦੇ ਹਨ ,ਇਸ ਤੋਂ ਉਹਨਾਂ ਦਾ ਮਕਸਦ ਹਦੀਸ ਦਾ ਇਨਕਾਰ ਹੈ।

38) ਜਹਮੀਆਂ ਦੀ ਨਿਸ਼ਾਨੀ ਇਹ ਹੈ ਕੇ ਉਹ ਅਹਲੇ ਸੁੰਨਤ ਨੂੰ ਮੁਸ਼ੱਬੇਹ ਕਹਿੰਦੇ ਹਨ।

39) ਕ਼ਦਰਿਆ ਦੀ ਨਿਸ਼ਾਨੀ ਇਹ ਹੈ ਕੇ ਉਹ ਅਹਲੇ ਸੁੰਨਤ ਨੂੰ ਮੁਜੱਬਿਰਾ ਕਹਿੰਦੇ ਹਨ।

40) ਮੁਰਜੀਆ ਦੀ ਨਿਸ਼ਾਨੀ ਇਹ ਹੈ ਕੇ ਉਹ ਅਹਲੇ ਸੁੰਨਤ ਨੂੰ ਮੁਖਾਲਫ਼ ਅਤੇ ਨੁਕਸਾਨੀਆ ਕਹਿੰਦੇ ਹਨ।

41) ਰਾਫਜ਼ੀਆਂ ਦੀ ਨਿਸ਼ਾਨੀ ਇਹ ਹੈ ਕੇ ਉਹ ਅਹਲੇ ਸੁੰਨਤ ਨੂੰ (ਨਾਸਬੀਆ) ਕਹਿੰਦੇ ਹਨ।

42)ਇਹਨਾਂ ਸਾਰੇ ਬੁਰੇ ਨਾਂਵਾਂ ਦੀ ਬੁਨਿਆਦ ਤਾ-ਸੁਬ ਅਤੇ ਮਾ-ਸੀਅਤ ਹੈ। ਅਹਲੇ ਸੁੰਨਤ ਦਾ ਇੱਕ ਹੀ ਨਾਮ ਹੈ ,ਅਤੇ ਇਹ ਮਹਾਲ ਹੈ ਕੇ ਉਹਨਾਂ ਦੇ ਬਹੁਤ ਸਾਰੇ (ਖ਼ੁਦ-ਸਾਖਤਾ) ਨਾਮ ਇਕੱਠੇ ਹੋ ਜਾਣ ।

43) ਅਬੂ ਹਾਤਿਮ ਅਤੇ ਅਬੂ ਜ਼ੁਰਾ ਰਾਜ਼ੀ ਦੋਵੇਂ ਗੁੰਮਰਾਹਾਂ ਅਤੇ ਬਿਦੱਤੀਆਂ ਤੋਂ ਅਲਹਿਦਗੀ ਇਖ਼ਤਿਆਰ ਕਰਦੇ ਸੀ ਅਤੇ ਉਹਨਾਂ ਦੀਆਂ ਗਲਤ ਫਿਕਰਾਂ (ਅਕੀਦੇ) ਦਾ ਸਦੀਦ ਰੱਦ ਕਰਦੇ ਸੀ। ਅਹਾਦੀਸ ਤੋਂ ਬਗ਼ੈਰ ਰਾਏ ਵਾਲੀਆਂ ਕਿਤਾਬਾਂ ਲਿਖਣ ਦੀ ਪੁਰ-ਜ਼ੋਰ ਤਰਦੀਦ (ਰੱਦ) ਕਰਦੇ ਸੀ ।

ਅਹਲੇ ਕਲਾਮ (ਮੰਤਿਕ-ਫਿਲੋਸਫੀ) ਵਾਲਿਆਂ ਦੀ ਮਜਲਿਸ (ਵਿੱਚ ਬੈਠਣ) ਅਤੇ ਮੁਤਾ-ਕੱਲੀਮੀਨ ਦੀਆਂ ਕਿਤਾਬਾਂ ਦੇਖਣ ਤੋਂ ਮਨ੍ਹਾ ਕਰਦੇ ਸੀ ,ਅਤੇ ਕਹਿੰਦੇ ਕੇ ਸਾਹਿਬੇ ਕਲਾਮ ਕਦੇ ਫ਼ਲਾਹ (ਕਾਮਯਾਬੀ) ਨਹੀਂ ਪਾਉਂਦਾ (ਸਿਵਾਏ ਇਸਦੇ ਕੇ ਉਹ ਮਰਨ ਤੋਂ ਪਹਿਲਾਂ ਤੌਬਾ ਕਰ ਲਵੇ)

(ਰਿਸਾਲਾ ਖ਼ਤਮ)

ਆਖ਼ਰੀ ਸਫ਼ਾ

ਨਮਾਜ਼ ਏ ਨਬਵੀ ਪੰਜਾਬੀ

Preview link

Download link

ਅਕੀਦੇ ਦੀਆਂ ਹੋਰ ਕੁੱਝ ਬੇਹਤਰੀਨ ਕਿਤਾਬਾਂ ।
ਉਰਦੂ ਵਿੱਚ ।

Preview link

Download link

ਹੋਰ ਕਿਤਾਬਾਂ ਲਈ

ਕਲਿੱਕ ਕਰੋ